ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-1ਸ਼ਾਖਾ)

13326
17 Nov. 16

## ਦਫ਼ਤਰੀ ਹੁਕਮ

ਸ੍ਰੀ ਜਗਮੋਹਨ ਸਿੰਘ ਮਾਨ, ਨਿਗਰਾਨ ਇੰਜੀਨੀਅਰ, ਜਿਸ ਦੀ ਸਰਕਾਰ ਦੇ ਦਫ਼ਤਰੀ ਹੁਕਮ ਪਿੱਠ ਅੰਕਣ ਨੰ: 27/12/2016-5ਸਿੰਪ੍ਰੋ(1)/2919-2921, ਮਿਤੀ 04.12.2013 ਰਾਹੀਂ ਮਿਤੀ 11.11.2013 ਤੋਂ ਮਿਤੀ 10.11.2016 ਤੱਕ ਸਵੈ-ਰੋਜ਼ਗਾਰ ਦੇ ਮੰਤਵ ਲਈ ਵਿਸ਼ੇਸ਼ ਛੁੱਟੀ ਮੰਨਜ਼ੂਰ ਕੀਤੀ ਗਈ ਸੀ। ਇਸ ਅਧਿਕਾਰੀ ਵੱਲੋਂ ਸਵੈ-ਰੋਜ਼ਗਾਰ ਦੇ ਮੰਤਵ ਲਈ ਵਿਸ਼ੇਸ਼ ਛੁੱਟੀ ਕੱਟਣ ਉਪਰੰਤ ਮਿਤੀ 02.11.2016 ਨੂੰ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕੀਤੀ ਗਈ ਸੀ, ਪਰੰਤੂ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 08.05.2002 ਦੇ ਸਨਮੁੱਖ ਅਧਿਕਾਰੀ ਦੀ ਹਾਜ਼ਰੀ ਰਿਪੋਰਟ ਮਿਤੀ 02.11.2016 ਦੀ ਬਜਾਏ ਮਿਤੀ 10.11.2016 ਤੋਂ ਪ੍ਰਵਾਨ ਕੀਤੀ ਜਾਂਦੀ ਹੈ।

2. ਉਕਤ ਦੇ ਸਨਮੁੱਖ ਲੋਕ/ਪ੍ਰਬੰਧਕੀ ਹਿੱਤਾਂ ਨੂੰ ਮੁੱਖ ਰਖਦੇ ਹੋਏ, ਸ੍ਰੀ ਜਗਮੋਹਨ ਸਿੰਘ ਮਾਨ, ਨਿਗਰਾਨ ਇੰਜੀਨੀਅਰ, ਜ਼ੋ ਕਿ ਪੋਸਟਿੰਗ ਲਈ ਉਪਲੱਬਧ ਹੈ, ਨੂੰ ਸਰਹੰਦ ਕੈਨਾਲ ਸਰਕਲ, ਲੁਧਿਆਣਾ ਵਿਖੇ ਖਾਲੀ ਅਸਾਮੀ ਵਿਰੁੱਧ ਤਾਇਨਾਤ ਕੀਤਾ ਜਾਂਦਾ ਹੈ। ਸਰਹੰਦ ਕੈਨਾਲ ਸਰਕਲ, ਲੁਧਿਆਣਾ ਅਧੀਨ ਜ਼ੋ ਬਿਸਤ ਦੁਆਬ ਕੈਨਾਲ ਦੇ ਕੰਮ ਚੱਲ ਰਹੇ ਹਨ, ਉਹ ਨਿਗਰਾਨ ਇੰਜੀਨੀਅਰ, ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ ਦੀ ਨਿਗਰਾਨੀ ਵਿੱਚ ਚੱਲਣਗੇ ਅਤੇ ਨਿਗਰਾਨ ਇੰਜੀਨੀਅਰ, ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ ਹੀ ਉਹਨਾਂ ਕੰਮਾਂ ਨੂੰ ਪੂਰਾ ਕਰਵਾਉਣਗੇ।

3. ਇਹ ਹੁਕਮ ਸਮਰੱਥ ਅਥਾਰਟੀ ਦੇ ਆਦੇਸ਼ਾਂ ਉਪਰੰਤ ਜਾਰੀ ਕੀਤੇ ਜਾਂਦੇ ਹਨ।

4. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ:
12 ਨਵੰਬਰ, 2016

**ਕਾਹਨ ਸਿੰਘ ਪੰਨੂੰ, ਆਈ.ਏ.ਐਸ.**
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

**ਪਿੱਠ ਅੰਕਣ ਨੰ:2/06/2016-2ਸਿੰਪ੍ਰੋ(1)/**174 **ਮਿਤੀ, ਚੰਡੀਗੜ੍ਹ:** 15/11/2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
2. ਸਮੂਹ ਮੁੱਖ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
3. ਨਿਗਰਾਨ ਇੰਜੀਨੀਅਰ, ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ;
4. ਇੰਚਾਰਜ ਕੰਪਿਊਟਰ ਸੈੱਲ, ਮੁੱਖ ਦਫ਼ਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
5. ਸ੍ਰੀ ਜਗਮੋਹਨ ਸਿੰਘ ਮਾਨ, ਨਿਗਰਾਨ ਇੰਜੀਨੀਅਰ।

ਸੁਪਰਡੰਟ

ਅੰਦਰੂਨੀ ਵੰਡ: